بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 11.10.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਜੱਦ ਮਨੁੱਖ ਰੱਬ ਨੂੰ ਮਿਲੱਣਾ ਚਾਹੁੰਦਾ ਹੈ, ਉਸਦੀ ਰਜ਼ਾ ਨੂੰ ਸੰਮੁੱਖ ਰਖੱਦਾ ਹੈ ਅਤੇ ਅਦਬ, ਵਿਨਮ੍ਰਤਾ, ਨਿਮਰਤਾ ਅਤੇ ਅਤਿਅੰਤ ਮਗਨਤਾ ਨਾਲ ਰੱਬ ਦੀ ਹਜ਼ੂਰੀ ਵਿੱਚ ਉਪੱਸਥਿਤ ਰਹਿੰਦਿਆਂ ਹੋਇਆਂ ਉਸ ਦੀ ਰਜ਼ਾ ਦਾ ਜਾਚਕ ਹੁੰਦਾ ਹੈ ਤਾਂ ਉਹ ਨਮਾਜ਼ ਹੁੰਦੀ ਹੈ, ਦੁਆ ਦੀ ਅਸਲ ਹਕੀਕਤ ਉਹ ਹੈ ਜਿਸ ਰਾਹੀਂ ਰੱਬ ਅਤੇ ਮਨੁੱਖ ਵਿੱਚ ਰਾਬਤੇ ਦਾ ਸੰਬੰਧ ਵਧੇ**

**ਮਸਜਿਦ ਮਹਦੀ, ਸਟ੍ਰਾਸਬਰਗ ਫ਼੍ਰਾਂਸ ਦਾ ਬਰਕਤਾਂ ਭਰਪੂਰ ਉਧਘਾਟਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਅਕਤੂਬਰ 2019 ਈ. ਨੂੰ ਸਟ੍ਰਾਸਬਰਗ, ਫ਼੍ਰਾਂਸ ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਸੂਰਤ ਤੌਬਾ ਦੀ ਹੇਠ ਲਿਖੀ ਆਇਤ ਦੀ ਤਲਾਵਤ ਫ਼ਰਮਾਈ :

اِنَّمَا یَعۡمُرُ مَسٰجِدَ اللّٰہِ مَنۡ اٰمَنَ بِاللّٰہِ وَالۡیَوۡمِ الۡاٰخِرِ وَاَقَامَ الصَّلٰوۃَ وَاٰتَی الزَّکٰوۃَ وَلَمۡ یَخۡشَ اِلَّا اللّٰہَ فَعَسٰۤی اُولٰٓئِکَ اَنۡ یَّکُوۡنُوۡا مِنَ الۡمُہۡتَدِیۡنَ۔

ਫ਼ਿਰ ਫ਼ਰਮਾਇਆ ਇਕ ਲੰਮੇ ਸਮੇਂ ਮਗਰੋਂ ਰੱਬ ਨੇ ਜਮਾਤ ਅਹਮਦੀਆ ਫ਼੍ਰਾਂਸ ਨੂੰ ਇਕ ਨਵੀਂ ਮਸਜਿਦ ਬਨਾਉਣ ਦੀ ਤੌਫ਼ੀਕ ਪ੍ਰਦਾਨ ਕੀਤੀ ਹੈ ਅਤੇ ਹੁਣ ਇੱਥੇ ਰਹਿਣ ਵਾਲੇ ਅਹਮਦੀ ਪਹਿਲਾਂ ਤੋਂ ਵਧੱਕੇ ਜਮਾਤੀ ਵਿਵਸਥਾ ਨਾਲ ਜੁੜ ਸਕਦੇ ਹਨ । ਅਲੱਾਹ ਤਆਲਾ ਇਹਨਾ ਨੂੰ ਤੌਫ਼ੀਕ ਬਖ਼ਸ਼ੇ । ਇਹ ਆਇਤ ਜੋ ਮੈਂ ਤਲਾਵਤ ਕੀਤੀ ਹੈ ਇਸ ਦਾ ਅਰਥ ਇਹ ਹੈ ਕਿ ਰੱਬ ਦੀਆਂ ਮਸਜਿਦਾਂ ਨੂੰ ਤਾਂ ਉਹੋ ਹੀ ਅਬਾਦ ਕਰਦਾ ਹੈ ਜੋ ਰੱਬ ਅਤੇ ਯੌਮੇ ਆਖ਼ਰਤ (ਪਰਲੈ ਦੇ ਦਿਨ) ਉਪੱਰ ਇਮਾਨ ਲਿਆਉਂਦਾ ਹੈ, ਨਮਾਜ਼ਾਂ ਨੂੰ ਕਾਇਮ ਕਰਦਾ ਹੈ, ਜ਼ਕਾਤ ਦਿੰਦਾ ਹੈ ਅਤੇ ਰੱਬ ਤੋਂ ਬਿਨਾ ਕਿਸੇ ਤੋਂ ਨਹੀਂ ਡਰਦਾ । ਸੋ, ਨੇੜੇ ਹੈ ਕਿ ਅਜਿਹੇ ਲੋਕ ਸਫ਼ਲਤਾ ਵੱਲ ਲੈ ਜਾਏ ਜਾਣ ।

ਰੱਬ ਨੇ ਮਸਜਿਦਾਂ ਬਨਾਉਣ ਵਾਲਿਆਂ ਅਤੇ ਵਸਾਉਣ ਵਾਲਿਆਂ ਦੀ ਇਹ ਵਿਸ਼ੇਸ਼ਤਾਵਾਂ ਵਰਨਣ ਕੀਤੀਆਂ ਹਨ ਕਿ ਉਹ ਰੱਬ ਉਪੱਰ ਇਮਾਨ ਲਿਆਉਣ ਵਾਲੇ ਹਨ ਅਰਥਾਤ ਇਸ ਗੱਲ'ਤੇ ਪੂਰਨ ਵਿਸ਼ਵਾਸ ਕਿ ਸਾਰੀਆਂ ਸ਼ਕਤੀਆਂ ਦਾ ਸੋਮਾ ਤੇ ਮਾਲਕ ਰੱਬ ਦਾ ਵੁਜੂਦ ਹੈ । ਸੋ, ਇਮਾਨ ਦੀ ਪ੍ਰਾਪਤੀ ਲਈ ਰੱਬ ਅੱਗੇ ਝੁਕਣਾ ਅਤੇ ਉਸ ਦੀ ਇਬਾਦਤ ਅਤਿਅੰਤ ਜ਼ਰੂਰੀ ਹੈ । ਰੱਬ ਆਪਣੇ ਅੱਗੇ ਝੁਕਣ ਵਾਲਿਆਂ ਨੂੰ ਵੀ ਇਮਾਨ ਤੇ ਵਿਸ਼ਵਾਸ ਵਿੱਚ ਵਧਾਉਂਦਾ ਹੈ । ਫ਼ਿਰ ਯੌਮੇ ਆਖ਼ਰਤ ਉਪੱਰ ਵਿਸ਼ਵਾਸ ਵੀ ਰੱਬ ਨੇ ਮਸਜਿਦਾਂ ਵਿੱਚ ਆਉਣ ਵਾਲਿਆਂ ਦੀ ਇਕ ਵਿਸ਼ੇਸ਼ ਖ਼ੂਬੀ

ਵਰਨਣ ਕੀਤੀ ਹੈ ਕਿਉਂਕਿ ਆਖ਼ਰਤ ਉਪੱਰ ਵਿਸ਼ਵਾਸ ਹੀ ਰੱਬ ਦੀ ਇਬਾਦਤ ਵੱਲ ਪ੍ਰੇਰਦਾ ਹੈ ਅਜਿਹੀ ਇਬਾਦਤ ਜੋ ਨਿਰੋਲ ਰੱਬ ਦੀ ਰਜ਼ਾ ਲਈ ਕੀਤੀ ਜਾਏ । ਇਸ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਆਖ਼ਰਤ ਉਪੱਰ ਇਮਾਨ ਦਾ ਲਾਭ ਇਹ ਹੈ ਕਿ ਇਸ ਨਾਲ ਰੱਬ ਮਆਰਫ਼ਤ ਮਿਲਦੀ ਹੈ ਅਤੇ ਸੱਚੀ ਮਆਰਫ਼ਤ ਬਿਨਾ ਹਕੀਕੀ ਖ਼ੌਫ਼ ਤੇ ਰੱਬ ਤਰਸੀ ਦੇ ਹਾਸਲ ਨਹੀਂ ਹੋ ਸਕਦੀ । ਆਪ ਫ਼ਰਮਾਉਂਦੇ ਹਨ ਕਿ ਚੇਤੇ ਰੱਖੋ ਕਿ ਆਖ਼ਰਤ ਬਾਰੇ ਵਸਵਸਿਆਂ ਦਾ ਪੈਦਾ ਹੋਣਾ ਇਮਾਨ ਨੂੰ ਖ਼ਤਰੇ ਵਿੱਚ ਪਾ ਦਿੰਦਾ ਹੈ ਅਤੇ ਖ਼ਾਤਮਾ ਬਿਲ ਖ਼ੈਰ (ਚੰਗੇ ਅੰਤ) ਵਿੱਚ ਵਿਘਨ ਪੈ ਜਾਂਦਾ ਹੈ । ਸੋ, ਹਕੀਕੀ ਆਬਦ (ਇਬਾਦਤ ਕਰਨ ਵਾਲਾ) ਮਸਜਿਦਾਂ ਨੂੰ ਵਸਾਉਣ ਵਾਲਾ ਉਹੋ ਹੀ ਹੈ ਜਿਸ ਦੇ ਮਨ ਵਿੱਚ ਆਖ਼ਰਤ ਬਾਰੇ ਕਦੇ ਵੀ ਵਸਵਸਾ (ਭਰਮ) ਨ ਆਏ ਅਤੇ ਚੰਗੇ ਅੰਤ ਲਈ ਰੱਬ ਦੀ ਹਜ਼ੂਰੀ ਵਿੱਚ ਝੁਕਿਆ ਰਹੇ । ਫ਼ਿਰ ਜ਼ਕਾਤ ਵੱਲ ਧਿਆਨ ਦੁਆਉਂਣਾ ਹੈ, ਆਰਥਕ ਕੁਰਬਾਨੀ ਵੱਲ ਧਿਆਨ ਦੁਆਉਂਣਾ ਹੈ । ਮਸਜਿਦ ਵਸਾਉਣ ਲਈ ਇਹ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ ਕਿ ਰੱਬ ਦੇ ਦੀਨ (ਧਰਮ) ਦੇ ਪ੍ਰਸਾਰ ਲਈ ਕੁਰਬਾਨੀਆਂ ਕਰਨ ਅਤੇ ਰੱਬ ਦੇ ਬੰਦਿਆਂ ਦੇ ਹੱਕਾਂ ਨੂੰ ਪੂਰਾ ਕਰਨ ਅਤੇ ਇਹ ਸਭ ਕੁਝ ਇਸ ਲਈ ਹੈ ਕਿ ਰੱਬ ਦਾ ਖ਼ੌਫ਼ ਸਾਡੇ ਮਨਾਂ ਵਿੱਚ ਵਧੇ । ਉਸਦੀ ਰਜ਼ਾ ਦੀ ਪ੍ਰਾਪਤੀ ਲਈ ਅਸੀਂ ਭਰਪੂਰ ਜਤਨ ਕਰੀਏ । ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਇਹ ਸਭ ਕੁਝ ਕਰਨ ਵਾਲੇ ਹੀ ਹਨ ਜੋ ਰੱਬ ਨੇੜੇ ਸੁਮਰਗੀ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸਭ ਤੋਂ ਪਹਿਲਾਂ ਤਾਂ ਹਰ ਅਹਮਦੀ ਨੂੰ ਆਪਣੀਆਂ ਨਮਾਜ਼ਾਂ ਦੇ ਜਾਇਜ਼ੇ ਲੈਂਣੇ ਚਾਹੀਦੇ ਹਨ ਕਿ ਕੀ ਉਹਨਾਂ ਦੀਆਂ ਪੰਜ ਵੇਲੇ ਦੀਆਂ ਨਮਾਜ਼ਾਂ ਸਮੇਂ ਸਿਰ ਪੜ੍ਹਨ ਵੱਲ ਧਿਆਨ ਹੈ ਅਤੇ ਫਿਰ ਜਮਾਤ ਨਾਲ ਨਮਾਜ਼ ਪੜ੍ਹਨ ਵੱਲ ਧਿਆਨ ਹੈ । ਕੇਵਲ ਐਨ੍ਹਾ ਹੀ ਬਹੁਤ ਨਹੀਂ ਕਿ ਸਾਡੀਆਂ ਮਸਜਿਦਾਂ ਬਣ ਗਈਆਂ । ਸਵਰਗ ਵਿੱਚ ਘਰ ਬਨਾਉਣ ਲਈਵ ਐਨ੍ਹਾ ਹੀ ਬਹੁਤ ਨਹੀਂ ਹੈ ਕਿ ਮਸਜਿਦ ਬਣਾ ਲਈ, ਇਸ ਦੇ ਲਈ ਇਮਾਨ ਦੇ ਨਾਲ ਨਾਲ ਅਮਲ ਦੀ ਲੋੜ ਹੈ । ਰੱਬ ਦੇ ਹੁਕਮਾ ਉਪੱਰ ਚਲੱਣ ਦੀ ਵੀ ਲੋੜ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਵਿੱਚ ਹੋਣ ਦਾ ਹੱਕ ਪੂਰਾ ਕਰਨ ਦੀ ਵੀ ਲੋੜ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਫਿਰ ਫ਼ਰਮਾਉਂਦੇ ਹਨ, ''ਇਸ ਲਈ ਅਰੰਭ ਵਿੱਚ ਹੀ ਰੱਬ ਨੇ ਸਾਨੂੰ ਤਕਵਾ (ਸੰਜਮਤਾ) ਦੀ ਸੀਖ ਦੇਕੇ ਇਕ ਅਜਿਹੀ ਕਿਤਾਬ ਸਾਨੂੰ ਪ੍ਰਦਾਨ ਕੀਤੀ ਹੈ ਜਿਸ ਦੀਆਂ ਵਸੀਯੱਤਾਂ ਹਨ । ਸੋ, ਸਾਡੀ ਜਮਾਤ ਇਹ ਦੁੱਖ ਸਾਰੀ ਦੁਨੀਆਂ ਦੇ ਦੁਖੱਾਂ ਤੋਂ ਵਧੱਕੇ ਆਪਣੀ ਜਾਨ ਉਪੱਰ ਲਾਏ ਕਿ ਉਹਨਾ ਵਿੱਚ ਤਕਵਾ ਹੈ ਜਾਂ ਨਹੀਂ । ਮਨੁੱਖ ਕਿਵੇਂ ਦੇਖੇ ਕਿ ਉਸ ਵਿੱਚ ਤਕਵਾ ਹੈ ਕਿ ਨਹੀਂ ਇਸ ਦੀ ਵਿਆਖਿਆ ਕਰਦਿਆਂ ਹੋਇਆਂ ਆਪ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਰੱਬ ਦੇ ਕਲਾਮ ਵਿੱਚ ਇਹ ਵੀ ਪਾਇਆ ਜਾਂਦਾ ਹੈ ਕਿ ਮੁਤੱਕੀ (ਸੰਜਮੀ) ਉਹ ਹੁੰਦੇ ਹਨ ਜੋ ਹਲੀਮੀ (ਵਿਨਮ੍ਰਤਾ) ਤੇ ਮਿਸਕੀਨੀ ਨਾਲ ਚਲਦੇ ਹਨ ਉਹ ਹੰਕਾਰੀ ਗਲੱਾਂ ਨਹੀਂ ਕਰਦੇ । ਉਹਨਾ ਦੀ ਗਲਬਾਤ ਅਜਿਹੀ ਹੁੰਦੀ ਹੈ ਕਿ ਛੋਟਾ ਵੱਡੇ ਨਾਲ ਗੱਲ ਕਰੇ । ਰੱਬ ਕਿਸੇ ਦਾ ਏਕਾਧਿਕਾਰ ਨਹੀਂ ਉਹ ਵਿਸ਼ੇਸ਼ ਤਕਵਾ (ਸੰਜਮਤਾ) ਲੋਚਦਾ ਹੈ ਜੋ ਤਕਵਾ ਕਰੇਗਾ ਉਹ ਉਚੱਤਮ ਅਸਥਾਨ ਨੂੰ ਪਹੁੰਚੇਗਾ । ਸਾਡੇ ਸਯੱਦੇ ਮੌਲਾ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਉਹੋ ਹੀ ਸਿਦਕ ਤੇ ਵਫ਼ਾ ਦੇਖੋ ਕਿ ਆਪਨੇ ਹਰ ਪ੍ਰਕਾਰ ਦੀ ਬਦ ਤਹਿਰੀਕਾਂ ਦਾ ਮੁਕਾਬਲਾ ਕੀਤਾ । ਵੱਖ ਵੱਖ ਪ੍ਰਕਾਰ ਦੀਆਂ ਔਕੜਾਂ ਝੱਲੀਆਂ ਅਤੇ ਦੁੱਖ ਝੱਲੇ ਪਰ ਪਰਵਾਹ ਨ ਕੀਤੀ । ਇਹੋ ਸਿਦਕ ਤੇ ਵਫ਼ਾ ਸੀ ਜਿਸਦੇ ਸਬਬ ਰੱਬ ਨੇ ਫ਼ਰਮਾਇਆ ਕਿ وَمَلٰٓئِکَتَهٗ يُصَلُّوْنَ عَلَى النَّبِيِّ ؕ يٰٓاَيُّهَا الَّذِيْنَ اٰمَنُوْا صَلُّوْا عَلَيْهِ وَسَلِّمُوْا تَسْلِيْمًا ਕਿ ਰੱਬ ਤੇ ਉਸ ਦੇ ਸਾਰੇ ਫ਼ਰਿਸ਼ਤੇ ਰਸੂਲ ਉਪੱਰ ਦੁਰੂਦ ਭੇਜਦੇ ਹਨ, ਹੇ ਇਮਾਨ ਵਾਲਿਓ ਤੁਸੀਂ ਵੀ ਦੁਰੂਦ ਭੇਜੋ ਅਤੇ ਸਲਾਮ ਭੇਜੋ ਇਸ ਨਬੀ'ਤੇ । ਸੋ ਸਾਨੂੰ

ਇਹੋ ਹੁਕਮ ਹੈ ਕਿ ਜੇਕਰ ਦੁਆ ਦੀ ਪਰਵਾਨਗੀ ਚਾਹੁੰਦੇ ਹੋ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਉਪੱਰ ਦੁਰੂਦ ਭੇਜੋ ਅਤੇ ਬਿਨਾ ਦੁਰੂਦ ਦੇ ਕੀਤੀ ਗਈ ਦੁਆਵਾਂ ਅਰਸ਼ ਤੱਕ ਨਹੀਂ ਪਹੁੰਚਦੀਆਂ । ਸੋ, ਇਬਾਦਤਾਂ ਦੇ ਮਿਆਰ ਚੰਗੇ ਕਰਨ ਲਈ ਅਤੇ ਰੱਬ ਦੀ ਨੇੜਤਾ ਪਾਉਣ ਲਈ ਦੁਰੂਦ ਵੀ ਜ਼ਰੂਰੀ ਹੈ । ਦੁਰੂਦ ਭੇਜਣ ਵਾਲਾ ਆਪ ਸਲਲੱਾਹੁ ਅਲੈਹਿ ਵਸਲਮ ਦੀ ਜੀਵਨ ਸ਼ੈਲੀ ਨੂੰ ਸਾਹਮਣੇ ਰਖੱਕੇ ਜੱਦ ਦੁਰੂਦ ਭੇਜਦਾ ਹੈ ਤਾਂ ਫਿਰ ਹੀ ਉਸਦਾ ਧਿਆਨ ਵੀ ਇਸ ਨਮੂਨੇ ਉਪੱਰ ਚਲੱਣ ਵੱਲ ਹੁੰਦਾ ਹੈ ਜੋ ਆਪ ਸਲਲੱਾਹੁ ਅਲੈਹਿ ਵਸਲਮ ਨੇ ਉਲੀਕਿਆ ਹੈ । ਜੱਦ ਇਹ ਹਾਲਤ ਹੋਵੇ ਤਾਂ ਫਿਰ ਰੱਬ ਆਪਣੇ ਪਿਆਰੇ ਨਬੀ, ਆਪਣੇ ਪਿਆਰੇ ਬੰਦੇ ਨਾਲ ਸਾਡੇ ਸਨੇਹ ਦੇ ਪ੍ਰਗਟਾਵੇ ਅਤੇ ਉਸ'ਤੇ ਭੇਜੇ ਗਏ ਦੁਰੂਦ ਕਰਕੇ ਸਾਡੀਆਂ ਦੁਆਵਾਂ ਨੂੰ ਵੀ ਕੁਬੂਲ ਕਰਨ ਦਾ ਦਰਜਾ ਪ੍ਰਦਾਨ ਕਰਦਾ ਹੈ ਅਤੇ ਫਿਰ ਹੀ ਅਸੀਂ ਰੱਬ ਦੀ ਨੇੜਤਾ ਪ੍ਰਾਪਤ ਕਰਕੇ ਹਲੀਮੀ ਤੇ ਮਿਸਕੀਨੀ ਦਿਖਾਉਣ ਵਾਲੇ ਬਣਕੇ ਉਹਨਾ ਲੋਕਾਕਾਂ ਵਿੱਚ ਭਾਗ ਲੈਂਣ ਵਾਲੇ ਬਣ ਸਕਦੇ ਹਾਂ ਜੋ ਤਕਵਾ ਉਪੱਰ ਚਲੱਣ ਵਾਲੇ ਹੋਣ ਅਤੇ ਇਹੋ ਲੋਕ ਹਨ ਜੋ ਸਫ਼ਲਤਾ ਪ੍ਰਾਪਤ ਕਰਨ ਵਾਲੇ ਹਨ ।

ਫਿਰ ਨਮਾਜ਼ ਦੀ ਹਕੀਕੀਤ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਨਮਾਜ਼ ਜੋ ਕਿ ਪੰਜ ਸਮੇਂ ਪੜ੍ਹੀ ਜਾਂਦੀ ਹੈ ਇਸ ਵਿੱਚ ਵੀ ਇਹੋ ਸੰਕੇਤ ਹੈ ਕਿ ਜੇਕਰ ਉਹ ਮਾਨਵੀ ਭਾਵਨਵਾਂ ਤੇ ਵਿਚਾਰਾਂ ਤੋਂ ਉਸ ਨੂੰ ਮੁਕਤ ਨਹੀਂ ਰੱਖੇਗਾ ਤਾਂ ਤੱਦ ਤੱਕ ਉਹ ਸੱਚੀ ਨਮਾਜ਼ ਉਕੱਾ ਹੀ ਨਹੀਂ ਹੋਵੇਗੀ । ਨਮਾਜ਼ ਦੇ ਅਰਥ ਟਕੱਰਾਂ ਮਾਰ ਲੈਂਣ ਅਤੇ ਰੀਤ, ਰਸਮਾਂ ਤੇ ਆਦਤ ਦੇ ਰੂਪ ਵਿੱਚ ਪੜ੍ਹ ਲੈਂਣਾ ਉਕੱਾ ਹੀ ਨਹੀਂ । ਨਮਾਜ਼ ਉਹ ਚੀਜ਼ ਹੈ ਜਿਸਨੂੰ ਮਨ ਵੀ ਅਨੁਭਵ ਕਰੇ ਅਤੇ ਆਤਮਾ ਪੰਘਰਕੇ ਖ਼ੌਫ਼ ਦੀ ਅਵਸਥਾ ਵਿੱਚ ਇਲਾਹੀ ਦਰ'ਤੇ ਢਹਿ ਪਏ । ਜਿੱਥੋਂ ਤੱਕ ਸ਼ਕਤੀ ਹੈ ਉਥੋਂ ਤੱਕ ਪੀੜਾ ਤੇ ਆਹ ਪੈਦਾ ਕਰਨ ਦਾ ਜਤਨ ਕਰੇ ਅਤੇ ਗਿੜਗਿੜਾਉਂਦਿਆਂ ਹੋਇਆਂ ਮੰਗੇ ਕਿ ਮਨ ਵਿੱਚ ਜੋ ਸ਼ੇਖ਼ੀ ਤੇ ਪਾਪ ਹਨ ਉਹ ਦੂਰ ਹੋਣ । ਇਸੇ ਪ੍ਰਕਾਰ ਦੀ ਨਮਾਜ਼ ਬਰਕਤਾਂ ਭਰਪੂਰ ਹੁੰਦੀ ਹੈ ਅਤੇ ਜੇਕਰ ਉਹ ਇਸ'ਤੇ ਪੱਕਿਆਈ ਫੜੇਗਾ ਤਾਂ ਦੇਖੇਗਾ ਕਿ ਰਾਤ ਨੂੰ ਜਾਂ ਦਿਨ ਨੂੰ ਇਕ ਨੂਰ ਉਸ ਦੇ ਮਨ ਵਿੱਚ ਪਿਆ ਹੈ ਅਤੇ ਭੌਤਕ ਸ਼ਰੀਰ ਦੀ ਸ਼ੇਖ਼ੀ (ਦਿਖਾਵਾ) ਘੱਟ ਗਿਆ ਹੈ । ਇਸ ਲਈ ਨਫ਼ਸ ਦੀਆਂ ਬੁਰਾਈਆਂ ਅਤੇ ਪਾਪਾਂ ਤੋਂ ਬਚਣ ਲਈ ਰੱਬ ਤੋਂ ਹੀ ਉਸ ਦੀ ਮਿਹਰ ਮੰਗਣੀ ਚਾਹੀਦੀ ਹੈ । ਫਿਰ ਨਮਾਜ਼ ਦੀ ਮਹਤੱਾ ਦਸੱਦੇ ਹੋਏ ਆਪਨੇ ਫ਼ਰਮਾਇਆ ਨਮਾਜ਼ ਹੀ ਇਬਾਦਤ ਦਾ ਮਗ਼ਜ਼ ਹੈ । ਇਬਾਦਤ ਦਾ ਹੱਕ ਪੂਰਾ ਨਹੀਂ ਹੋ ਸਕਦਾ, ਇਸ ਲਈ ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਨਮਾਜ਼ ਤੋਂ ਬਿਨਾ ਇਬਾਦਤ ਦਾ ਹੱਕ ਪੂਰਾ ਹੋ ਹੀ ਨਹੀਂ ਸਕਦਾ ਅਤੇ ਨਮਾਜ਼ ਦੀਆਂ ਵੀ ਕੁਝ ਸ਼ਰਤਾਂ ਹਨ, ਉਹਨਾ ਨੂੰ ਪੂਰਾ ਕਰਨਾ ਵੀ ਜ਼ਰੂਰੀ ਹੈ । ਨਮਾਜ਼ ਵਿੱਚ ਇਸ ਗੱਲ ਦਾ ਖ਼ਿਆਲ ਰਖੱਣਾ ਵੀ ਜ਼ਰੂਰੀ ਹੈ ਕਿ ਮੈਂ ਰੱਬ ਦੀ ਹਜ਼ੂਰੀ ਵਿੱਚ ਅਦਬ ਨਾਲ ਖੜਾਂ ਹਾਂ ।

ਫ਼ਰਮਾਇਆ ਜੱਦ ਮਨੁੱਖ ਰੱਬ ਨੂੰ ਮਿਲਣਾ ਚਾਹੁੰਦਾ ਹੈ, ਉਸਦੀ ਰਜ਼ਾ ਨੂੰ ਸੰਮੁੱਖ ਰਖੱਦਾ ਹੈ ਅਤੇ ਅਦਬ, ਵਿਨਮ੍ਰਤਾ, ਨਿਮਰਤਾ ਅਤੇ ਅਤਿਅੰਤ ਮਗਨਤਾ ਨਾਲ ਰੱਬ ਦੀ ਹਜ਼ੂਰੀ ਵਿੱਚ ਖੜਾ ਹੋਕੇ ਉਸ ਦੀ ਰਜ਼ਾ ਦਾ ਤਲਬਗਾਰ ਹੁੰਦਾ ਹੈ, ਤੱਦ ਉਹ ਨਮਾਜ਼ ਹੁੰਦੀ ਹੈ । ਦੁਆ ਦੀ ਅਸਲ ਹਕੀਕਤ ਉਹ ਹੈ ਜਿਸ ਰਾਹੀਂ ਰੱਬ ਅਤੇ ਮਨੁੱਖ ਵਿੱਚ ਸੰਬੰਧ ਵਧੇ। ਦੁਆ ਰੱਬ ਦੀ ਨੇੜਤਾ ਪ੍ਰਾਪਤ ਕਰਨ ਦਾ ਸਾਧਨ ਹੁੰਦੀ ਹੈ ਅਤੇ ਮਨੁੱਖ ਨੂੰ ਅਣਉਚਿਤ ਗਲੱਾਂ ਤੋਂ ਹਟਾਉਂਦੀ ਹੈ । ਫ਼ਰਮਾਇਆ ਕਿ ਨਮਾਜ਼ ਦਾ ਸ਼ਦਬ ਪੁਰਸੋਜ਼ (ਦਰਦ ਭਰੇ) ਅਰਥਾਂ ਦੀ ਪ੍ਰਮਾਣਿਕਤਾ ਕਰਦਾ ਹੈ, ਜਿਵੇਂ ਅੱਗ ਤੋਂ ਸੇਕ ਪੈਦਾ ਹੁੰਦਾ ਹੈ ਉਸੇ ਪ੍ਰਕਾਰ ਹੀ ਮਨ ਦੀ ਦੁਆ ਪੈਦਾ ਹੋਣੀ ਚਾਹੀਦੀ ਹੈ, ਜੱਦ ਅਜਿਹੀ ਅਵਸਥਾ ਨੂੰ ਪਹੁੰਚ ਜਾਏ ਜਿਵੇਂ ਮੌਤ ਦੀ ਹਾਲਤ ਹੁੰਦੀ ਹੈ, ਫਿਰ ਇਸ ਦਾ ਨਾਂ ਨਮਾਜ਼ ਹੁੰਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਹੈ ਨਮਾਜ਼ ਦੀ ਹਕੀਕੀ ਹਾਲਤ ਜਿਸ ਨੂੰ ਹਾਸਲ ਕਰਨ ਦਾ ਸਾਨੂੰ ਜਤਨ ਕਰਨਾ ਚਾਹੀਦਾ ਹੈ, ਰੱਬ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ । ਫਿਰ ਇਕ ਥਾਂ ਆਪ ਅਲੈਹਿ ਸਲਾਮ ਨੇ ਇਸ ਗੱਲ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਾਇਆ ਕਿ ਚੇਤੇ ਰੱਖੋ ਜੇਕਰ ਇਮਾਨ ਦਾ ਦਾਵਾ ਹੈ ਤਾਂ ਫਿਰ ਨਮਾਜ਼ਾਂ ਦੀ ਅਦਾਇਗੀ ਵੀ ਜ਼ਰੂਰੀ ਹੈ । ਤਿੰਨ ਜਾਂ ਚਾਰ ਨਮਾਜ਼ਾਂ ਪੜ੍ਹਕੇ ਫਿਰ ਇਮਾਨ ਦਾ ਦਾਵਾ ਗਲਤ ਗੱਲ ਹੈ ਕਿਉਂਕਿ ਇਮਾਨ ਦੀ ਜੜ੍ਹ ਨਮਾਜ਼ ਹੈ ਅਤੇ ਜਿਸਦੀ ਜੜ੍ਹ ਹੀ ਨਹੀਂ ਹੈ ਉਹ ਇਕ ਖੋਖਲੇ ਰੁੱਖ ਵਾਂਗ ਹੈ ਜਿਸ ਨੂੰ ਰਤਾ ਜਿਹੀ ਹਵਾ ਧਰਤੀ'ਤੇ ਸੁੱਟ ਦੇਵੇਗੀ । ਕਈ ਮੂਰਖ ਕਹਿੰਦੇ ਹਨ ਕਿ ਰੱਬ ਨੂੰ ਸਾਡੀਆਂ ਨਮਾਜ਼ਾਂ ਦੀ ਕੀ ਲੋੜ ਹੈ । ਫ਼ਰਮਾਇਆ ਕਿ ਹੇ ਨਾਦਾਨੋ ! ਰੱਬ ਨੂੰ ਕੋਈ ਲੋੜ ਨਹੀਂ ਹੈ, ਉਸਨੂੰ ਲੋੜ ਨਹੀਂ ਹੈ ਪਰ ਤੁਹਾਨੂੰ ਤਾਂ ਲੋੜ ਹੈ, ਰੱਬ ਦੀ ਤਵਜੁੱਹ ਨਾਲ ਸਾਰੇ ਵਿਗੜੇ ਕੰਮ ਠੀਕ ਹੋ ਜਾਂਦੇ ਹਨ । ਨਮਾਜ਼ ਹਜ਼ਾਰਾਂ ਖਤਾਵਾਂ ਨੂੰ ਦੂਰ ਕਰ ਦਿੰਦੀ ਹੈ ਅਤੇ ਇਲਾਹੀ ਨੇੜਤਾ ਦਾ ਸਾਧਨ ਹੈ । ਨੇਕ ਨੀਯੱਤੀ ਨਾਲ ਮਸਜਿਦ ਵਿੱਚ ਆਉਣ ਵਾਲੇ ਅਤੇ ਬਹਿਕੇ ਨਮਾਜ਼ ਦੀ ਉਡੀਕ ਕਰਨ ਵਾਲਿਆ ਬਾਰੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੱਦ ਤੱਕ ਨਮਾਜ਼ ਖ਼ਾਤਰ ਅਰਥਾਤ ਇਸ ਉਡੀਕ ਵਿੱਚ ਕੋਈ ਵਿਅਕਤੀ ਬੈਠਾ ਰਹਿੰਦਾ ਹੈ, ਨਮਾਜ਼ ਵਿੱਚ ਮਸਰੂਫ਼ ਹੀ ਸਮਾਝਿਆ ਜਾਂਦਾ ਹੈ ਅਤੇ ਫ਼ਰਿਸ਼ਤੇ ਉਸ'ਤੇ ਦੁਰੂਦ ਭੇਜਦੇ ਹਨ ਅਤੇ ਕਹਿੰਦੇ ਹਨ ਕਿ ਹੇ, ਅਲੱਾਹ ਇਸ'ਤੇ ਰਹਿਮ ਕਰ ਅਤੇ ਇਸ ਨੂੰ ਬਖ਼ਸ਼ ਦੇ, ਇਸ ਦੀ ਤੌਬਾ ਕ਼ਬੂਲ ਕਰ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਜਿਹੇ ਮਿਹਰਬਾਨ ਰੱਬ ਦੀ ਇਬਾਦਤ ਦਾ ਹੱਕ ਪੂਰਾ ਕਰਨ ਦੀ ਸਾਨੂੰ ਕਿੰਨ੍ਹੀ ਚਿੰਤਾ ਨਾਲ ਜਤਨ ਕਰਨਾ ਚਾਹੀਦਾ ਹੈ ਅਤੇ ਪੰਜੇ ਵੇਲੇ ਸਮੇਂ ਸਿਰ ਆਣਕੇ ਮਸਜਿਦ ਨੂੰ ਅਬਾਦ ਰਖੱਣ ਦਾ ਜਤਨ ਕਰਨਾ ਚਾਹੀਦਾ ਹੈ । ਇਸ ਗੱਲ ਨੂੰ ਬਿਆਨ ਕਰਦਿਆਂ ਹੋਇਆਂ ਕਿ ਧਰਮ ਦਾ ਨਿਸ਼ਚਾ ਇਕ ਏਕਤਾ ਪੈਦਾ ਕਰਨਾ ਹੈ ਆਪ ਫ਼ਰਮਾਉਂਦੇ ਹਨ ਕਿ ਰੱਬ ਦਾ ਇਹ ਨਿਸ਼ਚਾ ਹੈ ਕਿ ਸਾਰਿਆਂ ਮਨੁੱਖਾਂ ਨੂੰ ਇਕੋ ਇਕ ਸਮਾਨ ਬਣਾ ਦੇਵੇ ਜਿਸ ਦਾ ਨਾਂ ਇਕ ਲੋਕਤੰਤਰ ਹੈ । ਇਹ ਜਮਾਤ ਨਾਲ ਨਮਾਜ਼ਾਂ ਵੀ ਇਸੇ ਏਕਤਾ ਲਈ ਹਨ ਤਾਂ ਜੋ ਸਾਰੇ ਨਮਾਜ਼ੀਆਂ ਦਾ ਇਕ ਇਕੱਠ ਗਿਣਿਆ ਜਾਵੇ ਅਤੇ ਆਪਸ ਵਿੱਚ ਮਿਲਕੇ ਖੜੇ ਹੋਣ ਦਾ ਹੁਕਮ ਇਸੇ ਲਈ ਹੈ ਕਿ ਜਿਸ ਕੋਲ ਬਹੁਤਾ ਨੂਰ ਹੈ ਉਹ ਦੂਜੇ ਕਮਜ਼ੋਰ ਵਿੱਚ ਰਚੱਕੇ ਉਸਨੂੰ ਬਲ ਪ੍ਰਦਾਨ ਕਰੇ । ਇਸ ਏਕਾਕੀ ਲੋਕਤੰਤਰ ਨੂੰ ਪੈਦਾ ਕਰਨ ਅਤੇ ਸਥਾਪਤ ਰਖੱਣ ਦਾ ਅਰੰਭ ਰੱਬ ਨੇ ਇਸ ਪ੍ਰਕਾਰ ਕੀਤਾ ਕਿ ਪਹਿਲਾਂ ਇਹ ਹੁਕਮ ਦਿਤੱਾ ਕਿ ਹਰ ਇਕ ਮੁਹੱਲੇ ਵਾਲੇ ਪੰਜ ਵੇਲੇ ਨਮਾਜ਼ਾਂ ਨੂੰ ਜਮਾਤ ਨਾਲ ਮੁਹੱਲੇ ਦੀ ਮਸਜਿਦ ਵਿੱਚ ਆਣਕੇ ਪੜ੍ਹਿਆਂ ਕਰਨ ਤਾਂ ਜੋ ਆਚਰਣਾ ਦਾ ਵਟਾਂਦਰਾ ਆਪੋ ਵਿੱਚ ਹੋਵੇ ਅਤੇ ਸਾਰੇ ਨੂਰ ਰਲੱਕੇ ਕਮਜ਼ੋਰੀ ਨੂੰ ਦੂਰ ਕਰਨ ਅਤੇ ਆਪੋ ਵਿੱਚ ਜਾਣ ਪਛਾਣ ਬਣਕੇ ਪ੍ਰੇਮ ਪੈਦਾ ਹੋਵੇ । ਫਿਰ ਦੂਜਾ ਹੁਕਮ ਇਹ ਹੈ ਕਿ ਜੁਮਏ ਦੇ ਦਿਨ ਜਾਮਾ ਮਸਜਿਦ ਵਿੱਚ ਇਕਤੱਰ ਹੋਕੇ ਪਰੀਚੇ ਤੇ ਏਕਤਾ ਪੈਦਾ ਕਰਨ । ਫਿਰ ਸਾਲ ਬਾਦ ਈਦਾਂ ਵਿੱਚ ਵੀ ਵਿਉਂਤ ਕੀਤੀ ਕਿ ਪਿੰਡਾ ਤੇ ਸ਼ਹਿਰਾਂ ਦੇ ਲੋਕ ਮਿਲਕੇ ਨਮਾਜ਼ਾਂ ਪੜ੍ਹਨ ਤਾਂ ਜੋ ਜਾਣ ਪਛਾਣ ਤੇ ਪ੍ਰੇਮ ਵਧੱਕੇ ਇਕਾਕੀ ਲੋਕਤੰਤਰ ਪੈਦਾ ਹੋਵੇ । ਫਿਰ ਇਸੇ ਪ੍ਰਕਾਰ ਸਾਰੀ ਦੁਨੀਆ ਦੇ ਇਕੱਠ ਲਈ ਇਕ ਦਿਨ ਉਮਰ ਭਰ ਵਿੱਚ ਨਿਯੁਕਤ ਕਰ ਦਿਤੱਾ ਕਿ ਮੱਕੇ ਦੇ ਮੈਦਾਨ ਵਿੱਚ ਸਾਰੇ ਇਕਤੱਰ ਹੋਣ ਅਰਥਾਤ ਜਿੰਨ੍ਹਾ ਨੂੰ ਸਮਰਥਾ ਹੈ ਹੱਜ ਕਰਨ ਦੀ ਉਹ ਹੱਜ ਕਰਨ ਜਾਣ । ਭਾਵ ਇਹ ਕਿ ਇਸ ਪ੍ਰਕਾਰ ਰੱਬ ਨੇ ਨਿਸ਼ਚਾ ਕੀਤਾ ਕਿ ਆਪੋ ਵਿੱਚ ਸਨੇਹ ਤੇ ਪ੍ਰੇਮ ਤਰੱਕੀ ਕਰੇ । ਇਹਨਾ ਸਾਰਿਆਂ ਸਮਾਰੋਹਾਂ (ਇਕੱਠ) ਦਾ ਲਾਭ ਇਹ ਹੈ ਕਿ ਇਕ ਦੇ ਨੂਰ ਹੋਰਨਾ ਵਿੱਚ ਰਚੱਕੇ ਉਹਨਾ ਨੂੰ ਪ੍ਰਭਾਵਤ ਕਰਨ ਅਤੇ ਬੱਲ ਬਖ਼ਸ਼ਣ ।

ਹਜ਼ੂਰ ਨੇ ਲੋਕਲ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਫ਼ਰਮਾਇਆ : ਅਲੱਾਹ ਤਆਲਾ ਨੇ ਆਪ ਨੂੰ ਇਹ ਮਸਜਿਦ ਪ੍ਰਦਾਨ ਕਰ ਦਿੱਤੀ ਹੈ ਤਾਂ ਹੁਣ ਇਸ ਏਕਾਕੀ ਲੋਕਤੰਤਰ ਦਾ ਦ੍ਰਿਸ਼ ਵੀ ਏਥੇ ਪੇਸ ਕਰਨਾ ਚਾਹੀਦਾ ਹੈ । ਰੱਬ ਦੀ ਅਪਾਰ ਮਿਹਰ ਦਾ ਲਾਭ ਚੁਕੱਦਿਆਂ ਹੋਇਆਂ ਇਸਨੂੰ ਅਬਾਦ ਰਖੱਣ । ਰੱਬ ਦੀਆਂ ਮਿਹਰਾਂ ਦੇ ਹੁੰਦਿਆਂ ਹੋਇਆਂ ਵੀ ਜੇਕਰ ਅਸੀਂ ਉਸ ਦੀ ਕਦਰ ਨਹੀਂ ਕਰਦੇ ਤਾਂ ਇਹ ਬਦਕਿਸਮਤੀ ਹੈ । ਹਰ ਅਹਮਦੀ ਲਈ ਇਹ ਬਹੁਤ ਹੀ ਸੋਚਣ ਦੀ ਥਾਂ ਹੈ ਅਤੇ ਇਕ ਜਤਨ ਨਾਲ ਮਸਜਿਦ ਨੂੰ ਅਬਾਦ ਕਰਨ ਦੀ ਲੋੜ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹੇ, ਉਹ ਸਾਰੇ ਲੋਕੋ ! ਜੋ ਆਪਣੇ ਆਪਨੂੰ ਮੇਰੀ ਜਮਾਤ ਵਿੱਚ ਗਿਣਦੇ ਹੋ, ਅਕਾਸ਼ ਉਪੱਰ ਤੁਸੀਂ ਉਸ ਸਮੇਂ ਮੇਰੀ ਜਮਾਤ ਗਿਣੇ ਜਾਓਗੇ ਜੱਦ ਸੱਚ ਮੁੱਚ ਤਕਵਾ (ਸੰਜਮਤਾ) ਦੇ ਮਾਰਗਾਂ ਉਪੱਰ ਕਦਮ ਰੱਖੋਗੇ । ਸੋ, ਆਪਣੀਆਂ ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਅਜਿਹੇ ਖ਼ੌਫ਼ ਤੇ ਮਗਨਤਾ ਨਾਲ ਅਦਾ ਕਰੋ ਕਿ ਸੰਭਵਤਾ ਤੁਸੀਂ ਰੱਬ ਨੂੰ ਦੇਖਦੇ ਹੋ ਅਤੇ ਆਪਣੇ ਰੋਜ਼ਿਆਂ (ਵਰਤ) ਨੂੰ ਰੱਬ ਖ਼ਾਤਰ ਸਿਦਕ ਨਾਲ ਪੂਰਾ ਕਰੋ । ਨਿਸ਼ਚੇ ਹੀ ਚੇਤੇ ਰੱਖੋ ਕਿ ਕੋਈ ਕਰਮ ਰੱਬ ਤੱਕ ਨਹੀਂ ਪਹੁੰਚ ਸਕਦਾ ਜੋ ਤਕਵਾ (ਸੰਜਮਤਾ) ਤੋਂ ਖ਼ਾਲੀ ਹੈ, ਹਰ ਇਕ ਨੇਕੀ ਦੀ ਜੜ੍ਹ ਤਕਵਾ ਹੈ ਜਿਸ ਕਰਮ ਵਿੱਚ ਇਹ ਜੜ੍ਹ ਹੋਵੇਗੀ ਉਹ ਕਰਮ ਵੀ ਨਸ਼ਟ ਨਹੀਂ ਹੋਵੇਗਾ । ਤੁਸੀਂ ਰੱਬ ਦੀ ਅੰਤਮ ਜਮਾਤ ਹੋ । ਸੋ, ਉਹ ਨੇਕ ਅਮਲ (ਕਰਮ) ਦਿਖਾਓ ਜੋ ਆਪਣੇ ਕਮਾਲ ਵਿੱਚ ਅਤਿ ਉੱਚੇ ਦਰਜੇ ਦੇ ਹੋਣ । ਹਰ ਇਕ ਜੋ ਤੁਹਾਡੇ ਵਿੱਚੋਂ ਸੁਸਤ ਹੋ ਜਾਵੇਗਾ ਉਹ ਇਕ ਗੰਦੀ ਚੀਜ਼ ਵਾਂਗ ਜਮਾਤ ਵਿੱਚੋਂ ਬਾਹਰ ਸੁੱਟ ਦਿਤੱਾ ਜਾਏਗਾ ਅਤੇ ਹਸਰਤਾਂ ਨਾਲ ਮਰੇਗਾ ਅਤੇ ਰੱਬ ਦਾ ਕੁਝ ਵੀ ਵਿਗਾੜ ਨ ਸਕੇਗਾ । ਦੇਖੋ, ਮੈਂ ਬਹੁਤ ਖ਼ੁਸ਼ੀ ਨਾਲ ਖ਼ਬਰ ਦਿੰਦਾ ਹਾਂ ਕਿ ਤੁਹਾਡਾ ਰੱਬ ਵਾਸਤਵ ਵਿੱਚ ਮੌਜੂਦ ਹੈ ਭਾਵੇਂ ਸਾਰੀ ਮਖ਼ਲੂਕ ਉਸੇ ਦੀ ਹੈ ਪਰ ਉਹ ਉਸ ਵਿਕਅਤੀ ਨੂੰ ਚੁਣ ਲੈਂਦਾ ਹੈ, ਉਹ ਉਸਦੇ ਨੇੜੇ ਆ ਜਾਂਦਾ ਹੈ ਜੋ ਉਸ ਨੂੰ ਸਨਮਾਨ ਦਿੰਦਾ ਹੈ ।

ਅਲੱਾਹ ਤਆਲਾ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਹਨਾ ਦਰਦ ਭਰੇ ਸ਼ਬਦਾਂ ਨੂੰ ਸਮਝਦਿਅਆਂ ਹੋਇਆਂ ਇਮਾਨ ਵਿੱਚ ਵਧੱਣ ਦਾ ਸੰਜੋਗ ਪ੍ਰਦਾਨ ਕਰੇ । ਇਬਾਦਤਾਂ ਦੇ ਹੱਕ ਪੂਰੇ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਰੱਬ ਨਾਲ ਜੀਉਂਦਾ ਸੰਬੰਧ ਪੈਦਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਅਸੀਂ ਇਸ ਮਸਜਿਦ ਨੂੰ ਵੀ ਹਮੇਸ਼ਾ ਅਬਾਦ ਰਖੱਣ ਵਾਲੇ ਹੋਈਏ ।

ਹਜ਼ੂਰ ਅਨਵਰ ਨੇ ਮਸਜਿਦ ਦਾ ਡਾਟਾ (ਆਂਕੜੇ) ਬਿਆਨ ਕਰਦਿਆਂ ਹੋਇਆਂ ਫ਼ਰਮਾਇਆ ਕਿ ਇਹ ਸਾਰਾ ਰਕਬਾ 2640 ਮੁਰੱਬੇ'ਤੇ ਅਧਾਰਤ ਹੈ ਅਤੇ ਇਸ ਵਿੱਚ ਪਹਿਲਾਂ ਵੀ ਪੰਦਰਾਂ ਕਮਰਿਆਂ 'ਤੇ ਅਧਾਰਤ ਇਕ ਤਿੰਨ ਮੰਜ਼ਲੀ ਇਮਾਰਤ ਮੌਜ਼ੂਦ ਸੀ, ਇਕ ਵਡੱਾ ਹਾਲ ਸੀ । ਆਰਕੀਟੈਕਟ ਨੇ ਇਕ ਮਿਲੀਯਨ ਯੂਰੋ ਦਾ ਅਨੁਮਾਨ ਦਿਤੱਾ ਸੀ ਅਤੇ ਇਸ ਨੂੰ ਮਜਲਿਸ ਖ਼ੁਦੱਾਮੁਲ ਅਹਮਦੀਆ ਫ਼੍ਰਾਂਸ ਨੇ ਪੂਰਾ ਕਰਨ ਦਾ ਵਾਦਾ ਕੀਤਾ ਅਤੇ ਆਪਣੀ ਜ਼ਿੱਮੇਦਾਰੀ ਕੁਬੂਲ ਕੀਤੀ, ਪਰ ਰੱਬ ਦੀ ਮਿਹਰ ਨਾਲ ਇਹ ਮਸਜਿਦ ਪੰਜ ਲੱਖ ਤੀਹ ਹਜ਼ਾਰ ਯੂਰੋ ਵਿੱਚ ਸੰਪੂਰਨ ਹੋ ਗਈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਜੇਕਰ ਇਹ ਮਸਜਿਦ ਬਣ ਗਈ ਹੈ ਤਾਂ ਲਜਨਾ ਅਤੇ ਅੰਸਾਰ ਨੂੰ ਚਾਹੀਦਾ ਹੈ ਕਿ ਇਕ ਮਸਜਿਦ ਦੀ ਉਸਾਰੀ ਦੀ ਜ਼ਿੱਮੇਦਾਰੀ ਉਹ ਲੈਂਣ ਅਤੇ ਅਗਲੇ ਤਿੰਨ ਸਾਲਾ ਦੇ ਅੰਦਰ ਇਕ ਹੋਰ ਮਸਜਿਦ ਇੱਥੇ ਬਨਾਉਣੀ ਚਾਹੀਦੀ ਹੈ, ਜੋ ਅੰਸਾਰ ਤੇ ਲਜਨਾ ਨੂੰ ਰਲੱਕੇ ਬਨਾਉਂਣੀ ਚਾਹੀਦੀ ਹੈ । ਇਸ ਮਸਜਿਦ ਵਿੱਚ 250 ਵਿਕਅਤੀਆਂ ਦੇ ਨਮਾਜ਼ ਪੜ੍ਹਨ ਦੀ ਥਾਂ ਹੈ ਅਤੇ 50 ਗੱਡੀਆਂ ਦੀ ਪਾਰਕਿੰਗ ਦੀ ਵੀ ਥਾਂ ਹੈ । ਇਕ ਜਮਾਤੀ ਦਫ਼ਤਰ ਹੈ, ਲਜਨਾ ਦਾ ਵੀ ਦਫ਼ਤਰ ਹੈ । ਪੁਰੁਸ਼ ਇਸਤਰੀਆਂ ਲਈ ਲਾਇਬ੍ਰੇਰੀ ਵੀ ਹੈ । ਇਕ ਵਡੱਾ

ਕਵਰਡ ਪਾਰਕਿੰਗ ਹਾਲ ਹੈ ਅਤੇ ਜੇਕਰ ਕਦੇ ਐਮਰਜੈਂਸੀ ਲੋੜ ਹੋਵੇ ਤਾ ਇਸ ਵਿੱਚ ਵੀ 125 ਵਿਅਕਤੀ ਆ ਸਕਦੇ ਹਨ । ਇਸ ਤੋਂ ਪਹਿਲਾਂ ਜੋ ਇਮਾਰਤ ਸੀ ਉਸ ਵਿੱਚ ਪੰਦਰਾਂ ਕਮਰੇ ਹਨ । ਇਹਨਾਂ ਨੂੰ ਦੁਬਾਰਾ ਮੁਰਮੱਤ ਕਰਕੇ ਤਿਆਰ ਕੀਤਾ ਗਿਆ ਹੈ ਅਤੇ ਹੁਣ ਇਹ ਵੀ ਵਰਤੋਂ ਯੋਗ ਹਨ । ਇਹ ਮਸਜਿਦ ਜੋ ਸਟ੍ਰਾਸਬਰਗ ਸ਼ਹਿਰ ਤੋਂ ਲਗਭਗ 15 ਕਿਲਕੋਮੀਟਰ ਦੀ ਦੂਰੀ'ਤੇ ਹੈ । ਮਸਜਿਦ ਤੇ ਹਾਲ ਦਾ ਕਵਰਡ ਏਰੀਆ ਤਿੰਨ ਸੌ ਤਿੰਨ ਮੁਰਬੱਾ ਮੀਟਰ ਹੈ । ਮੁਰੱਬੀ ਹਾਊਸ ਵੀ ਹੈ । ਚਾਰ ਕਮਰਿਆਂ ਦਾ ਗੈਸਟ ਹਾਊਸ ਵੀ ਹੈ । ਬਕਾਇਦਾ ਮਿਨਾਰ ਦੀ ਆਗਿਆ ਤਾਂ ਨਹੀਂ ਮਿਲੀ ਪਰ ਮਸਜਿਦ ਦੇ ਸੱਜੇ ਪਾਸੇ ਅੱਠ ਮੀਟਰ ਦੀ ਉਚਾਈ'ਤੇ ਇਕ ਡੋਮ ਰਖੱਣ ਦੀ ਆਗਿਆ ਮਿਲ ਗਈ ਹੈ ਅਤੇ ਉਹ ਚੰਗਾ ਸੋਹਣਾ ਲਗੱਦਾ ਹੈ । ਮਸਜਿਦ ਦੇ ਅੰਦਰ ਮਹਿਰਾਬ ਵੀ ਹੈ । ਅਲੱਾਹ ਤਆਲ ਹਰ ਪੱਖੋਂ ਮੁਬਾਰਕ ਫ਼ਰਮਾਏ ਅਤੇ ਇਹਨਾ ਖ਼ੁਦੱਾਮਾ ਦੇ ਧੰਨ ਮਾਲ ਤੇ ਜਾਨਾਂ ਵਿੱਚ ਬਰਕਤਾਂ ਪਾਵੇ, ਜਿੰਨ੍ਹਾ ਨੇ ਇਸ ਮਸਜਿਦ ਦੀ ਉਸਾਰੀ ਵਿੱਚ ਕੁਰਬਾਨੀ ਦਿੱਤੀ ਹੈ ਅਤੇ ਫਿਰ ਕੇਵਲ ਮਸਜਿਦ ਲਈ ਆਰਥਕ ਕੁਰਬਾਨੀ ਹੀ ਨਹੀਂ ਕੀਤੀ, ਇਸ ਮਸਜਿਦ ਦੀ ਅਬਾਦੀ ਦੀ ਆਤਮਾ ਨੂੰ ਸਮਝਣ ਦਾ ਸੰਜੋਗ ਵੀ ਪ੍ਰਦਾਨ ਕਰੇ ਅਤੇ ਖ਼ੁਦੱਾਮ ਦੇ ਇਬਾਦਤਾਂ ਦੇ ਮਿਆਰ ਵੀ ਬੁਲੰਦ ਹੋਣ ਅਤੇ ਜਮਾਤ ਦੇ ਲੋਕਾਂ ਦੇ ਮਿਆਰ ਵੀ ਬੁਲੰਦ ਹੁੰਦੇ ਚਲੇ ਜਾਣ

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 11.10.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131